ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ
(ਵਿਕਾਸ ਸ਼ਾਖਾ)

ਸੇਵਾ ਵਿਖੇ,

ਸਮੂਹ ਡਿਪਟੀ ਡਾਇਰੈਕਟਰ,
(ਜਿਲ੍ਹਾ ਪੱਧਰ), ਪੰਜਾਬ ।

ਮੀਮੋ ਨੰਬਰ 15/7/2009-ਡੀ.4/ 4074-108
ਚੰਡੀਗੜ੍ਹ,ਮਿਤੀ: 26/2/15

ਵਿਸ਼ਾ:- ਪੰਜਾਬ ਗਊ ਸੇਵਾ ਕਮਿਸ਼ਨ ਐਕਟ, 2014 ਅਧੀਨ ਪਸ਼ੂ ਭਲਾਈ ਅਫਸਰਾਂ ਦੀ ਨਿਯੁਕਤੀ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ(ਪਸ਼ੂ ਪਾਲਣ-1 ਸ਼ਾਖਾ) ਦੀ ਨੋਟੀਫਿਕੇਸ਼ਨ ਨੰਬਰ:32/70/2009-ਪਪ-1(4)/130 ਮਿਤੀ 09.01.2015 ਰਾਹੀਂ ਪੰਜਾਬ ਗਊ ਸੇਵਾ ਕਮਿਸ਼ਨ ਦੀ ਸਥਾਪਨਾ ਕੀਤੀ ਜਾ ਚੁੱਕੀ ਹੈ ।ਪੰਜਾਬ ਗਊ ਸੇਵਾ ਕਮਿਸ਼ਨ ਦਾ ਉਦੇਸ਼ ਅਤੇ ਕਾਰਜ਼ ਖੇਤਰ ਦੇ ਲੜੀ ਨੰਬਰ: 8 ਵਿੱਚ ਗਊ ਸੇਵਾ ਕਮਿਸ਼ਨ ਐਕਟ, 2014 ਨੂੰ ਲਾਗੂ ਕਰਵਾਉਣ ਲਈ ਪਸ਼ੂ ਭਲਾਈ ਅਫਸਰਾਂ ਨੂੰ ਨਿਯੁਕਤ ਕੀਤਾ ਜਾਣਾ ਹੈ, ਜੋ ਕਿ ਨਜ਼ਰਬੰਦ ਗਾਂਵਾਂ ਦੀ ਭਾਲ, ਵਾਹਨਾਂ ਦੀ ਤਲਾਸ਼ੀ, ਗਾਂਵਾਂ ਨੂੰ ਹਿਰਾਸ਼ਤ ਵਿੱਚ ਲੈਣ ਦੀ ਕਾਰਵਾਈ ਕਰਨਗੇ ।

ਇਸ ਸਬੰਧ ਵਿਚ ਵੱਖ-ਵੱਖ ਜਿਲ੍ਹਿਆਂ ਵਿੱਚ ਗਊਧਨ ਦੀ ਸੁਰੱਖਿਆ ਅਤੇ ਗਊਧਨ ਦੇ ਵਿਕਾਸ ਲਈ ਹੋਰ ਕੰਮ ਆਪ ਦੀ ਨਿਗਰਾਨੀ ਹੇਠ ਕੀਤੇ ਜਾਂਦੇ ਹਨ । ਇਸ ਲਈ ਆਪ ਨੂੰ ਅਤੇ ਆਪਦੇ ਅਧੀਨ ਕੰਮ ਕਰ ਰਹੇ ਵੈਟਨੇਰੀਅਨ ਨੂੰ ਪਸ਼ੂ ਭਲਾਈ ਅਫਸਰ ਨਿਯੁਕਤ ਕੀਤਾ ਜਾਂਦਾ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੀ ਪੱਧਰ ਤੇ ਆਪਣੇ ਅਧੀਨ ਆਉਂਦੇ ਸਮੂਹ ਵੈਟਨੇਰੀਅਨਜ਼ ਨੂੰ ਇਸ ਬਾਰੇ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ।

ਡਾਇਰੈਕਟਰ,ਪਸ਼ੂ ਪਾਲਣ ਵਿਭਾਗ,
ਪੰਜਾਬ, ਚੰਡੀਗੜ੍ਹ ।

ਪਿੱਠ ਅੰਕਣ ਨੰ:15/7/2009-ਡੀ.4/ 4101 ਚੰਡੀਗੜ੍ਹ,ਮਿਤੀ: 26/2/15

ਇਸ ਦਾ ਇੱਕ ਉਤਾਰਾ ਮੁੱਖ ਕਾਰਜਕਾਰੀ, ਪੰਜਾਬ ਗਊ ਸੇਵਾ ਕਮਿਸ਼ਨ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ ।

25-2-2015

ਡਾਇਰੈਕਟਰ,ਪਸ਼ੂ ਪਾਲਣ ਵਿਭਾਗ,
ਪੰਜਾਬ, ਚੰਡੀਗੜ੍ਹ ।